"ਇਸ ਨਵੇਂ ਵਰ੍ਹੇ ਨੂੰ ਮੁਕਤੀ ਵਰ੍ਹਾ ਮਨਾਓ, ਸਫਲ ਕਰੋ ਸਫਲਤਾ ਲਵੋ"

ਅੱਜ ਬਾਪਦਾਦਾ ਆਪਣੇ ਨਵ ਜੀਵਨ ਦੀਆਂ ਸ੍ਰੇਸ਼ਠ ਆਤਮਾਵਾਂ ਨੂੰ, ਨਵ ਯੁੱਗ ਰਚਤਾ ਆਤਮਾਵਾਂ ਨੂੰ ਨਵੇਂ ਵਰ੍ਹੇ ਦੀ ਮੁਬਾਰਕ ਦੇ ਰਹੇ ਹਨ। ਦੁਨੀਆ ਦੇ ਲਈ ਨਵਾਂ ਵਰ੍ਹਾ ਸ਼ੁਰੂ ਹੋ ਰਿਹਾ ਹੈ, ਤੁਸੀਂ ਬੱਚਿਆਂ ਦੇ ਮਨ ਵਿਚ ਨਵਾਂ ਯੁਗ ਯਾਦ ਆ ਰਿਹਾ ਹੈ। ਜਿਵੇਂ ਨਵਾਂ ਵਰ੍ਹਾ ਕਲ ਆਉਣ ਵਾਲਾ ਹੈ, ਇਵੇਂ ਨਵਾਂ ਯੁਗ ਵੀ ਕਲ ਆਉਣ ਵਾਲਾ ਹੈ। ਇਵੇਂ ਸਮ੍ਰਿਤੀ ਆਉਂਦੀ ਹੈ ਕਿ ਸਾਡਾ ਨਵਾਂ ਯੁਗ ਆਇਆ ਕਿ ਆਇਆ? ਜਿਵੇਂ ਅੱਜ ਨਵੇਂ ਵਰ੍ਹੇ ਦੇ ਲਈ ਮਨੁੱਖ ਆਤਮਾਵਾਂ ਦੇ ਦਿਲ ਵਿਚ ਖੁਸ਼ੀ ਹੈ, ਅਲਪਕਾਲ ਦਾ ਉਤਸਾਹ ਹੈ, ਇਵੇਂ ਤੁਸੀਂ ਆਤਮਾਵਾਂ ਨੂੰ ਨਵਾਂ ਯੁਗ ਆਉਣ ਦੀ ਸਦਾਕਾਲ ਦੀ ਖੁਸ਼ੀ ਹੈ। ਇਵੇਂ ਲਗਦਾ ਹੈ ਕਿ ਬਸ ਅੱਜ ਅਤੇ ਕਲ ਦੀ ਗੱਲ ਹੈ। ਅੱਜ ਪੁਰਾਣਾ ਯੁੱਗ ਹੈ, ਕਲ ਨਵਾਂ ਯੁੱਗ ਸਾਮਣੇ ਖੜਾ ਹੈ। ਡਰਾਮਾ ਅਨੁਸਾਰ ਅੱਜ ਅਤੇ ਕੱਲ੍ਹ ਦੀ ਗੱਲ ਹੈ, ਇਵੇਂ ਸਪੱਸ਼ਟ ਸਮ੍ਰਿਤੀ ਅਨੁਭਵ ਹੁੰਦੀ ਹੈ? ਜਾਂ ਸਿਰਫ ਨਵਾਂ ਵਰ੍ਹਾ ਮਨਾਉਣ ਆਏ ਹੋ? ਨਵਾਂ ਵਰ੍ਹਾ ਯੁੱਗ ਦੀ ਯਾਦ ਦਵਾਉਂਦਾ ਹੈ। ਇਹ ਉਮੰਗ - ਉਤਸਾਹ ਦਿਲ ਵਿਚ ਰਹਿੰਦਾ ਹੈ ਕਿ ਕਲ ਅਸੀਂ ਕੀ ਹੋਵਾਂਗੇ? ਆਪਣੀ ਨਵੇਂ ਸ਼ਰੀਰ ਰੂਪੀ ਡਰੈੱਸ ਸਾਮ੍ਹਣੇ ਆਉਂਦੀ ਹੈ? ਯਾਦ ਹੈ ਤੁਹਾਡਾ ਨਵਾਂ ਸ਼ਰੀਰ ਨਵੇਂ ਯੁੱਗ ਵਿਚ ਕਿਵੇਂ ਸੋਹਣਾ ਸੀ? ਕਿਵੇਂ ਦਾ ਯੁੱਗ ਸੀ, ਕਿਵੇਂ ਦਾ ਰਾਜ ਸੀ, ਕਿਵੇਂ ਪ੍ਰਾਕ੍ਰਿਤੀ ਦਾਸੀ ਸੀ, ਸਤੋਪ੍ਰਧਾਨ ਸੀ! ਉਸ ਰਾਜ ਅਧਿਕਾਰੀ ਸਥਿਤੀ ਦੀ ਸਮ੍ਰਿਤੀ ਸਪੱਸ਼ਟ ਹੈ?, ਵਿਖਾਈ ਦੇ ਰਹੀ ਹੈ, ਉਹ ਨਵੀਂ ਦੁਨੀਆ ਕਿੰਨੀ ਸੋਹਣੀ ਹੈ? ਇੱਕ ਸੈਕਿੰਡ ਵਿੱਚ ਆਪਣੇ ਰਾਜ ਅਧਿਕਾਰ ਦਾ ਅਨੁਭਵ ਕਰ ਸਕਦੇ ਹੋ ਜਾਂ ਕਰ ਰਹੇ ਹੋ? ਬਸ ਇੱਕ ਸੈਕਿੰਡ ਵਿੱਚ ਨਵੇਂ ਯੁੱਗ ਵਿਚ ਚਲੇ ਜਾਵੋ। ਜਾਣਾ ਆਉਂਦਾ ਹੈ? ਕਿੰਨੀ ਵਾਰ ਉਹ ਰਾਜ ਅਧਿਕਾਰ ਪ੍ਰਾਪਤ ਕੀਤਾ ਹੈ, ਯਾਦ ਹੈ? ਅਨੁਭਵ ਕਰੋ ਆਪਣਾ ਰਾਜ ਕਿੰਨਾਂ ਪਿਆਰਾ ਹੈ! ਨਿਆਰਾ ਵੀ ਹੈ ਤਾਂ ਪਿਆਰਾ ਵੀ ਹੈ। ਤਾਂ ਬਸ ਸੈਕਿੰਡ ਵਿੱਚ ਸਾਡਾ ਰਾਜ ਅਤੇ ਸਾਡਾ ਵਿਸ਼ਵ ਰਾਜ ਅਧਿਕਾਰੀ ਸਵਰੂਪ ਸਮ੍ਰਿਤੀ ਵਿੱਚ ਆ ਜਾਵੋ। ਉਹ ਲੋਕ ਇੱਕ - ਦੂਜੇ ਨੂੰ ਅਲਪਕਾਲ ਦੀ ਗਿਫ਼ਟ ਦਿੰਦੇ ਹਨ ਅਤੇ ਬਾਪ ਗਿਫ਼ਟ ਦਿੰਦੇ ਹਨ ਨਵੇਂ ਯੁੱਗ ਦੇ, ਵਿਸ਼ਵ ਰਾਜ ਦੇ ਅਧਿਕਾਰ ਦੀ। ਇਹ ਅਵਿਨਾਸ਼ੀ ਗਿਫ਼ਟ ਇਸ ਸਮੇਂ ਬਾਪ ਦਵਾਰਾ ਤੁਸੀਂ ਸਭ ਦੇ ਲਈ ਅਟਲ ਭਾਵੀ ਬਣ ਜਾਂਦੀ ਹੈ। ਜਿਸ ਭਾਵੀ ਨੂੰ ਕੋਈ ਟਾਲ ਨਹੀਂ ਸਕਦਾ। ਅਚਲ ਹੈ, ਅਖੰਡ ਹੈ। ਤਾਂ ਅਜਿਹੀ ਗਿਫ਼ਟ ਮਿਲ ਗਈ ਹੈ ਨਾ? ਤਾਂ ਇਹ ਗਿਫ਼ਟ ਸੰਭਾਲ ਕੇ ਰੱਖਣਾ, ਕੋਈ ਡਾਕੂ ਇਹ ਗਿਫ਼ਟ ਲੈ ਨਹੀਂ ਜਾਵੇ। ਸਭ ਦੇ ਕੋਲ ਡਬਲ ਲਾਕ ਹੈ ਨਾ? ਅੱਜਕਲ ਸਿੰਗਲ ਲਾਕ ਨਹੀਂ ਚਲਦਾ, ਡਬਲ ਲਾਕ ਚਾਹੀਦਾ ਹੈ। ਗੋਡਰੇਜ ਦਾ ਲਾਕ ਨਹੀਂ, ਗੌਡ ਦਾ ਲਾਕ ਚਾਹੀਦਾ ਹੈ। ਤਾਂ ਗੌਡ ਨੇ ਅਜਿਹਾ ਲਾਕ ਦਿੱਤਾ ਹੈ ਜੋ ਕੋਈ ਵੀ ਤੋੜ ਨਹੀਂ ਸਕਦਾ। ਜੇਕਰ ਅਲਬੇਲੇ ਹੋ ਜਾਵੋਗੇ ਤਾਂ ਡਾਕੂ ਆਉਣਗੇ। ਡਾਕੂ ਵੀ ਹੁਸ਼ਿਆਰ ਹੁੰਦੇ ਹਨ, ਇਨ੍ਹਾਂ ਨੂੰ ਪਤਾ ਪੈ ਜਾਂਦਾ ਹੈ ਕਿ ਇਨ੍ਹਾਂ ਦਾ ਲਾਕ ਅੱਜ ਢਿੱਲਾ ਹੈ, ਇਸਲਈ ਅਲਬੇਲੇ ਨਹੀਂ ਹੋਣਾ।

ਤਾਂ ਇਸ ਨਵੇਂ ਵਰ੍ਹੇ ਵਿਚ ਸਵ (ਖੁਦ) ਦੇ ਪ੍ਰਤੀ ਅਤੇ ਸੇਵਾ ਦੇ ਪ੍ਰਤੀ ਕੋਈ ਨਵਾਂ ਪਲਾਨ ਬਣਾਇਆ ਹੈ? ਕਾਨਫਰੰਸ ਕਰਨੀ ਹੈ, ਡਾਇਲਾਗ ਕਰਨਾ ਹੈ, ਉਹ ਤਾਂ ਹੈ ਹੀ। ਨਵਾਂ ਪਲਾਨ ਕੀ ਬਣਾਇਆ ਗਏ? ਬਾਪਦਾਦਾ ਇਸ ਨਵੇਂ ਵਰ੍ਹੇ ਵਿੱਚ, ਦੇਸ਼ ਅਤੇ ਵਿਦੇਸ਼ ਵਿਚ ਵਰੇਇਟੀ ਵਰਗ ਦੀਆਂ ਵਿਸ਼ੇਸ਼ ਆਤਮਾਵਾਂ ਦਾ ਇੱਕ ਗੁਲਦਸਤਾ ਵੇਖਣਾ ਚਾਹੁੰਦੇ ਹਨ। ਵਰਗਾਂ ਦੀ ਸੇਵਾ ਤੇ ਬਹੁਤ ਕੀਤੀ ਹੈ ਨਾ, ਹੁਣ ਹਰ ਵਰਗ ਦਾ ਅਜਿਹਾ ਇੱਕ - ਇੱਕ ਰਤਨ ਤਿਆਰ ਕਰੋ, ਇੱਕ ਵੀ ਵਰਗ ਮਿਸ ਨਾ ਹੋਵੇ, ਕਿਓਂ? ਹੁਣ ਜਦੋਂ ਸਮਾਂ ਨੇੜੇ ਆ ਰਿਹਾ ਹੈ ਤਾਂ ਕੋਈ ਵੀ ਵਰਗ ਵਾਲੇ ਉਲਹਨਾ ਨਹੀਂ ਦੇਣ ਕਿ ਸਾਡਾ ਵਰਗ ਰਹਿ ਗਿਆ। ਇੱਕ - ਇੱਕ ਵਰਗ ਵਿੱਚ ਹੀ ਵਿਸ਼ੇਸ਼ ਇੱਕ - ਇੱਕ ਕੁਆਲਟੀ ਦਾ ਹੋਵੇ ਜੋ ਮਾਇਕ ਦਾ ਕੰਮ ਕਰ ਸਕੇ, ਕਿਉਂਕਿ ਜਿਵੇਂ ਸਮੇਂ ਨੇੜੇ ਆ ਰਿਹਾ ਹੈ, ਤਾਂ ਸਭ ਵਰਗ ਵਾਲੇ, ਸਭ ਧਰਮ ਵਾਲੇ, ਸਭ ਦੇ ਮੂੰਹ ਤੋਂ ਇੱਕ ਆਵਾਜ਼ ਨਿਕਲੇ ਕਿ ਬਾਪ ਆ ਗਿਆ, ਕਿਉਂਕਿ ਇਸ ਸੰਗਮਯੁੱਗ ਵਿੱਚ ਹੀ ਸਾਰੇ ਧਰਮ ਸਥਾਪਕ ਆਤਮਾਵਾਂ ਅਤੇ ਸਰਵ ਵਰਗ ਦੀਆਂ ਆਤਮਾਵਾਂ ਵਿੱਚ ਬੀਜ ਪੈਣਾ ਹੈ। ਉਹ ਇਤਨੀ ਪਾਵਰ ਆਪਣੇ ਵਿੱਚ ਲੈ ਜਾਣਗੇ ਜੋ ਫਿਰ ਆਪਣੇ - ਆਪਣੇ ਸਮੇਂ ਤੇ ਵਰਗ ਜਾਂ ਧਰਮ ਦੇ ਇਨਵੇਂਟਰ ਬਣਨਗੇ। ਤਾਂ ਸਭ ਬੀਜ ਤੁਸੀਂ ਤਿਆਰ ਕਰਨੇ ਹਨ, ਜੋ ਸਮੇਂ ਤੇ ਆਪਣੇ - ਆਪਣੇ ਡੀਪਾਰਟਮੈਂਟ ਦੇ ਨਿਮਿਤ ਬਣਨਗੇ ਕਿਉਂਕਿ ਬੀਜ ਬਾਪ ਹੈ ਅਤੇ ਤੁਸੀਂ ਬ੍ਰਾਹਮਣ ਆਤਮਾਵਾਂ ਤਨਾ ਹੋ, ਸਰਵ ਆਤਮਾਵਾਂ ਬੀਜ ਅਤੇ ਤਨਾ ਦਵਾਰਾ ਹੀ ਨਿਕਲਦੇ ਹਨ। ਤਾਂ ਅਜਿਹਾ ਗੁਲਦਸਤਾ ਬਾਪ ਦੇ ਸਾਮ੍ਹਣੇ ਲਿਆਵੋ, ਵਿਦੇਸ਼ ਵਾਲੇ ਵੀ ਅਤੇ ਦੇਸ਼ ਵਾਲੇ ਵੀ। ਇੱਕ - ਇੱਕ ਸੈਂਪਲ ਲਿਆਵੋ, ਸੈਂਪਲ ਨਾਲ ਦੂਜੇ ਕਈ ਖੁਦ ਹੀ ਬਣਦੇ ਹਨ। ਲੇਕਿਨ ਇੱਕ - ਇੱਕ ਪਾਵਰਫੁੱਲ ਮਾਇਕ ਬਣਨ, ਅਜਿਹੇ ਬੀਜ ਕਹੋ, ਧਰਮ ਜਾਂ ਵਰਗ ਕਹੋ ਜਾਂ ਵਰੇਇਟੀ ਫੁੱਲਾਂ ਦਾ ਗੁਲਦਸਤਾ ਕਹੋ ਤਿਆਰ ਹੋਣਾ ਚਾਹੀਦਾ ਹੈ। ਇੱਕ ਵੀ ਮਿਸ ਨਾ ਹੋਵੇ ਤਾਂ ਕਿਹਾ ਜਾਵੇਗਾ ਵਿਸ਼ਵ ਕਲਿਆਣਕਾਰੀ ਜਾਂ ਸਰਵ ਆਤਮਾਵਾਂ ਦੇ ਨਿਮਿਤ ਉਧਾਰ ਕਰਨ ਵਾਲੀਆਂ ਆਤਮਾਵਾਂ। ਇੱਕ ਸ਼ਾਖਾ ਵੀ ਘਟ ਨਹੀ, ਸਰਵ ਸਖਾਵਾਂ ਚਾਹੀਦੀਆਂ ਹਨ। ਭਾਵੇਂ ਤੁਹਾਡੇ ਨਵਯੁੱਗ ਵਿਚ ਕਈ ਵਰਗ ਨਹੀਂ ਹੋਣਗੇ ਲੇਕਿਨ ਉਨ੍ਹਾਂ ਆਤਮਾਵਾਂ ਵਿੱਚੋ ਵੀ ਦਵਾਪਰ ਵਿੱਚ ਜਾਂ ਕਲਯੁੱਗ ਵਿਚ ਜੋ ਇੰਵੇਂਟਰ ਨਿਮਿਤ ਹਨ, ਉਨ੍ਹਾਂ ਨੂੰ ਸ਼ਕਤੀ ਤੁਹਾਡੇ ਦਵਾਰਾ ਹੀ ਮਿਲਣੀ ਹੈ। ਜਿਵੇਂ ਸਭ ਧਰਮ ਪਿਤਾ ਤੁਹਾਡੇ ਅੱਗੇ ਬਾਪ ਦਾ ਝੰਡਾ, ਪ੍ਰਤਖ਼ਤਾ ਦਾ ਝੰਡਾ ਲਹਿਰਾਉਣ ਵਿੱਚ ਸਹਿਯੋਗੀ ਬਣਨਗੇ, ਉਵੇਂ ਹੀ ਸਰਵ ਵਰਗ ਵਾਲੇ ਵੀ ਪ੍ਰਤਖਤਾ ਦਾ ਝੰਡਾ ਲਹਿਰਾਉਣ ਵਿੱਚ ਸਹਿਯੋਗੀ ਬਣਨਗੇ, ਤਾਂ ਕਹਾਂਗੇ ਸਰਵ ਦੇ ਸਹਿਯੋਗ ਨਾਲ ਸੁਖਮਯ ਦੁਨੀਆਂ ਦੀ ਸਥਾਪਨਾ। ਸਹਿਯੋਗੀ ਬਣ ਰਹੇ

ਹਨ ਲੇਕਿਨ ਉਨ੍ਹਾਂ ਵਿੱਚ ਹੁਣ ਵਿਸ਼ੇਸ਼ ਆਤਮਾ ਨੂੰ ਸਹਿਯੋਗ ਵਿੱਚ ਅੱਗੇ ਵਧਾਓ, ਨਿਮਿਤ ਬਣਾਓ। ਨਿਮਿਤ ਬਨਾਉਣ ਦਾ ਬੀਜ ਪਾਵੋ। ਸਮਝਾ ਕੀ ਕਰਨਾ ਹੈ? ਵਿਦੇਸ਼ ਵਿਚ ਹੁਣ ਆਈ. ਪੀ. ਜਾਂ ਵੀ . ਆਈ. ਪੀਜ਼ ਦੇ ਕੁਨੈਕਸ਼ਨ ਤੇ ਸਹਿਜ ਹੋ ਗਏ ਹਨ ਨਾ। ਮੁਸ਼ਕਿਲ ਨਹੀਂ ਹੈ ਨਾ? ਮੁਸ਼ਕਿਲ ਹੈ ਜਾਂ ਸਹਿਜ ਹੈ? ਤਾਂ ਤੁਸੀਂ ਸਭ ਜਦੋਂ ਦੂਜੇ ਨਿਊ ਯੀਅਰ ਵਿੱਚ ਫਿਰ ਤੋਂ ਆਵੋਗੇ ਤਾਂ ਅਗਲੇ ਨਿਊ ਯੀਅਰ ਦੀ ਸੌਗਾਤ ਬਾਪਦਾਦਾ ਅਜਿਹਾ ਗੁਲਦਸਤਾ ਵੇਖਣਾ ਚਾਹੁੰਦੇ ਹਨ। ਇੱਕ ਸਾਲ ਹੈ, ਘਟ ਨਹੀਂ ਹੈ। ਦੇਸ਼ ਵਾਲੇ ਵੀ ਕਰਨਗੇ, ਵਿਦੇਸ਼ ਵਾਲੇ ਵੀ ਕਰਨਗੇ? (ਹਾਂ ਜੀ) ਜਰੂਰ ਕਰਾਂਗੇ। ਕਹੋ ਹੋਇਆ ਹੀ ਪਿਆ ਹੈ। ਸਿਰਫ ਨਿਮਿਤ ਬਣਨਾ ਹੈ। ਡਬਲ ਵਿਦੇਸ਼ੀ ਬੋਲੋ? ਸਭ ਵਿਦੇਸ਼ੀ ਤਾਲੀ ਵਜਾਓ। ਅੱਛਾ, ਵੇਖਾਂਗੇ ਪਹਿਲੇ ਕੌਣ ਤਿਆਰ ਕਰਦਾ ਹੈ - ਦੇਸ਼ ਜਾਂ ਵਿਦੇਸ਼? ਅਤੇ ਕਿੰਨਾਂ ਵੱਡਾ ਗੁਲਦਸਤਾ ਤਿਆਰ ਕਰਦੇ ਹੋ? ਠੀਕ ਹੈ ਨਾ? ਚਾਰੋਂ ਪਾਸੇ ਦੇ ਸੁਣ ਰਹੇ ਹੋ। ਦੇਸ਼ ਵਾਲੇ ਵੀ ਸੁਣ ਰਹੇ ਹੋ, ਵਿਦੇਸ਼ ਵਾਲੇ ਵੀ ਸੁਣ ਰਹੇ ਹੋ। ਹੁਣ ਉਮੰਗ ਆ ਰਿਹਾ ਹੈ, ਉਨ੍ਹਾਂ ਦੇ ਮਨ ਵਿਚ ਪਲਾਨ ਬਣ ਰਿਹਾ ਹੈ ਇਹ ਕਰਾਂਗੇ, ਇਹ ਕਰਾਂਗੇ। ਅੱਛਾ, ਇਹ ਤਾਂ ਹੋਇਆ ਵਿਸ਼ਵ ਸੇਵਾ।

ਆਪਣੇ ਲਈ ਕੀ ਕਰੋਗੇ? ਉਹ ਵੀ ਤੇ ਪਲਾਨ ਬਣੇਗਾ ਨਾ? ਕਿਉਂਕਿ ਜੇਕਰ ਖੁਦ ਦੇ ਕਲਿਆਣ ਦਾ ਸ੍ਰੇਸ਼ਠ ਪਲਾਨ ਨਹੀਂ ਬਣਾਓਗੇ ਤਾਂ ਵਿਸ਼ਵ ਸੇਵਾ ਵਿਚ ਸਕਾਸ਼ ਨਹੀਂ ਮਿਲ ਸਕੇਗੀ ਇਸਲਈ ਬਾਪਦਾਦਾ ਸਭ ਦੇ ਦਿਲਾਂ ਦੇ ਉਮੰਗ - ਉਤਸਾਹ ਨੂੰ ਜਾਣਦੇ ਹੋਏ ਇਹ ਹੀ ਕਹਿਣਗੇ ਕਿ ਹਰ ਇੱਕ ਉੱਤਸਵ ਵਿੱਚ ਬੱਚਿਆਂ ਨੇ ਭਾਵੇਂ ਗੋਲਡਨ ਜੁਬਲੀ ਵਾਲੇ, ਭਾਵੇਂ ਡਾਇਮੰਡ ਜੁਬਲੀ ਵਾਲੇ, ਭਾਵੇਂ ਸਿਲਵਰ ਜੁਬਲੀ ਵਾਲੇ, ਭਾਵੇਂ ਹੋਰ ਜੋ ਵੀ ਜੁਬਲੀਆਂ ਹੋਈਆਂ ਹਨ, ਸਭ ਨੇ ਦਿਲ ਤੋਂ, ਉਮੰਗ - ਉਤਸਾਹ ਤੋਂ ਆਪਣੇ ਮਨ ਵਿਚ ਇਹ ਬਾਪ ਨਾਲ ਵਾਇਦਾ ਕੀਤਾ ਹੈ ਕਿ ਅਸੀਂ ਬਾਪ ਸਮਾਨ ਬਣਕੇ ਹੀ ਵਿਖਾਵਾਂਗੇ। ਸਭ ਨੇ ਇਹ ਵਾਇਦਾ ਕੀਤਾ ਹੈ ਨਾ? ਡਬਲ ਫ਼ਾਰਨਰਜ ਨੇ ਵਾਇਦਾ ਕੀਤਾ ਹੈ? ( ਸਭ ਨੇ ਹੱਥ ਹਿਲਾਇਆ ) ਅੱਛਾ, ਮੁਬਾਰਕ ਹੋਵੇ। ਵਾਇਦਾ ਤੇ ਬਹੁਤ ਮਿੱਠਾ ਹੈ, ਬਹੁਤ ਚੰਗਾ, ਬਹੁਤ ਪਿਆਰਾ, ਬਹੁਤ ਸ਼ਕਤੀਸ਼ਾਲੀ ਕੀਤਾ ਹੈ। ਹੁਣ ਸਿਰਫ ਨਿਭਾਉਂਦੇ ਰਹਿਣਾ। ਵਾਇਦਾ ਕਰਨ ਵਾਲੇ ਉਸ ਵੇਲੇ ਬਹੁਤ ਉਮੰਗ - ਉਤਸਾਹ ਨਾਲ ਕਰਦੇ ਹਨ, ਹਿੰਮਤ ਵੀ ਬਹੁਤ ਚੰਗੀ ਰੱਖਦੇ ਹਨ ਫਿਰ ਕੀ ਹੁੰਦਾ ਹੈ? ਕਦੇ ਮਾਇਆ ਚੂਹੇ ਦੇ ਰੂਪ ਵਿਚ ਆ ਜਾਂਦੀ ਹੈ, ਕਦੇ ਬਿੱਲੀ ਦੇ ਰੂਪ ਵਿਚ ਆ ਜਾਂਦੀ ਹੈ, ਬਿੱਲੀ ਕੀ ਕਰਦੀ ਹੈ? ਮਿਆਉ - ਮਿਆਓ ਕਰਦੀ ਹੈ ਨਾ। ਤਾਂ ਬੱਚੇ ਕੀ ਕਰਦੇ ਹਨ? ਮੈਂ ,ਮੈਂ, ਮੈਂ, ਤਾਂ ਇਹ ਬਿੱਲੀ ਦੀ ਮਿਆਉਂ - ਮਿਆਉਂ ਨਹੀਂ ਕਰਨਾ। ਚੂਹਾ ਕੀ ਕਰਦਾ ਹੈ? ਚੂਹਾ ਬੇਸਮਝ ਹੋਕੇ ਜੋ ਆਉਂਦਾ ਹੈ ਉਹ ਖਾ ਲੈਂਦਾ ਹੈ, ਕੱਟ ਲੇਂਦਾ ਹੈ। ਤਾਂ ਮਾਇਆ ਵੀ ਬੱਚਿਆਂ ਦੇ ਖਜਾਨੇ ਨੂੰ ਕੱਟ ਕੇ ਖਾ ਲੈਦੀ ਹੈ। ਕਦੇ ਸ਼ੇਰ ਆ ਜਾਂਦਾ ਹੈ, ਸ਼ੇਰ ਕੀ ਕਰਦਾ ਹੈ? ਨਿਰਭਉ ਵਾਲਿਆ ਵਿੱਚ ਭਉ ਪੈਦਾ ਕੈਦਾ ਹੈ। ਸਰਵਸ਼ਕਤੀਮਾਨ ਬੱਚਿਆਂ ਨੂੰ ਦਿਲਸ਼ਿਕਸ਼ਤ ਬਣਾ ਦਿੰਦਾ ਹੈ। ਇਵੇਂ ਨਹੀਂ ਕਰਨਾ, ਆਉਣ ਨਹੀਂ ਦੇਣਾ, ਡਬਲ ਲਾਕ ਲਗਾਕੇ ਰੱਖਣਾ। ਇਸ ਵਰ੍ਹੇ ਕਿਸੇ ਨੂੰ ਵੀ ਆਉਣ ਨਹੀਂ ਦੇਣਾ।

ਇਸ ਵਰ੍ਹੇ ਸਰਵ ਗੱਲਾਂ ਤੋਂ ਮੁਕਤ ਵਰ੍ਹਾ ਮਨਾਓ। ਮੁਕਤੀ ਵਰ੍ਹਾ ।

ਜਦੋਂ ਇਹ ਮੁਕਤੀ ਵਰ੍ਹਾ ਮਨਾਓਗੇ ਤਾਂ ਮੁਕਤੀਧਾਮ ਵਿੱਚ ਜਾਵੋਗੇ। ਇਸ ਦੇ ਲਈ ਕੀ ਕਰੋਗੇ? ਬਹੁਤ ਛੋਟੀ ਜਿਹੀ ਗੱਲ ਹੈ, ਵੱਡੀ ਗੱਲ ਨਹੀਂ ਹੈ। ਬਾਪਦਾਦਾ ਸਿਰਫ ਛੋਟਾ ਜਿਹਾ ਸਲੋਗਨ ਦੇ ਰਹੇ ਹਨ " ਸਫਲ ਕਰੋ ਸਫਲਤਾ ਲਵੋ" । ਸਮਝਾ! ਸਫਲ ਕਰੋ, ਸਫਲਤਾ ਲਵੋ। ਕੀ ਸਫਲ ਕਰਨਾ ਹੈ? ਜੋ ਵੀ ਤੁਹਾਡੇ ਕੋਲ ਹੈ, ਆਪਣੀ ਜੋ ਪ੍ਰਾਪਰਟੀ ਹੈ ਨਾ - ਸਮੇਂ, ਸੰਕਲਪ, ਸਵਾਸ ਅਤੇ ਤਨ - ਮਨ -ਧਨ ਸਫਲ ਕਰੋ, ਵਿਅਰਥ ਨਹੀਂ ਗਵਾਓ, ਨਾ ਆਈਵੇਲ ਦੇ ਲਈ ਸੰਭਾਲ ਕੇ ਰੱਖੋ। ਸੰਕਲਪ ਨੂੰ ਵੀ ਸਫਲ ਕਰੋ। ਇੱਕ - ਇੱਕ ਸੰਕਲਪ - ਇਹ ਤੁਹਾਡੀ ਪ੍ਰੋਪਰਟੀ ਹੈ। ਜਿਵੇਂ ਧਨ ਸਥੂਲ਼ ਪ੍ਰੋਪਰਟੀ ਹੈ, ਉਵੇਂ ਸੂਖਸ਼ਮ ਪ੍ਰੋਪਰਟੀ ਹੈ ਸਮੇਂ, ਸਵਾਸ, ਸੰਕਲਪ। ਇੱਕ ਸੰਕਲਪ ਵੀ ਵਿਅਰਥ ਨਾ ਜਾਵੇ, ਸਫਲ ਹੋਵੇ। ਭਾਵੇਂ ਮਨਸਾ ਸੇਵਾ ਦਵਾਰਾ, ਭਾਵੇਂ ਵਾਚਾ ਦਵਾਰਾ, ਭਾਵੇਂ ਕਰ ਦਵਾਰਾ - ਚੈਕ ਕਰੋ, ਸਫਲ ਕਿੰਨਾਂ ਕੀਤਾ? ਜਮਾ ਕਿੰਨਾਂ ਕੀਤਾ? ਅਤੇ ਬਾਪਦਾਦਾ ਇਸ ਵਰ੍ਹੇ ਇਹ ਵਿਸ਼ੇਸ਼ ਵਰਦਾਨ ਦੇ ਰਹੇ ਹਨ - ਸਫਲ ਕਰੋ ਅਤੇ ਪਦਮਗੁਣਾਂ ਸਫਲਤਾ ਦਾ ਅਨੁਭਵ ਕਰੋ । ਇਹ ਪ੍ਰਤੱਖ ਫਲ ਸਹਿਜ ਪ੍ਰਾਪਤ ਕਰ ਸਕਦੇ ਹੋ, ਸਿਰਫ ਸੱਚੀ ਦਿਲ ਨਾਲ। ਸੱਚੀ ਦਿਲ ਤੇ ਭੋਲਾ ਨਾਥ ਬਾਪ ਬਹੁਤ ਸਹਿਜ ਰਾਜ਼ੀ ਹੋ ਜਾਂਦਾ ਹੈ, ਇਸਲਈ ਸਫਲ ਕਰੋ। ਗਿਆਨ ਧਨ, ਸ਼ਕਤੀਆਂ ਦਾ ਧਨ, ਗੁਣਾਂ ਦਾ ਧਨ ਹਰ ਸਮੇਂ ਸਫਲ ਕਰੋ। ਸਫਲ ਕਰਨਾ ਆਉਂਦਾ ਹੈ ਜਾਂ ਕਿਨਾਰੇ ਕਰਨਾ ਜਾਂ ਸੰਭਾਲਣਾ ਬਹੁਤ ਆਉਂਦਾ ਹੈ? ਕਿਨਾਰੇ ਨਹੀਂ ਕਰੋ, ਲਗਾਓ। ਜਦ ਕਹਿੰਦੇ ਹੋ ਕਿ ਅਚਾਨਕ ਸਭ ਹੋਣਾ ਹੈ, ਐਵਰੇਡੀ ਬਣਨਾ ਹੈ। ਤਾਂ ਜ਼ੋ ਵੀ ਹੈ ਉਸ ਨੂੰ ਸਫਲ ਕਰੋ। ਬਾਪਦਾਦਾ ਨੂੰ ਨਹੀਂ ਚਾਹੀਦਾ, ਆਪਣੇ ਲਈ ਜਮਾ ਕਰੋ। ਬਾਪਦਾਦਾ ਤੇ ਦਾਤਾ ਹੈ ਲੇਕਿਨ ਸਫਲ ਕਰਨਾ ਮਤਲਬ ਜਮਾ ਕਰਨਾ ਕਿਉਂਕਿ ਬਾਪਦਾਦਾ ਨੇ ਸਮੇਂ ਪ੍ਰਮਾਣ ਜਮਾ ਦਾ ਖਾਤਾ ਵੇਖਿਆ, ਹਰ ਇੱਕ ਬੱਚੇ ਦੇ ਜਮਾ ਦਾ ਖਾਤਾ ਬਾਪਦਾਦਾ ਦੇ ਕੋਲ ਹੈ। ਤਾਂ ਜਮਾ ਦੇ ਖਾਤੇ ਵਿੱਚ ਕੀ ਵੇਖਿਆ? ਕਈ ਬੱਚੇ ਸਮਝਦੇ ਜਾਂ ਕਹਿੰਦੇ ਬਹੁਤ ਹਨ ਕਿ ਸਾਡਾ ਇਹ ਵੀ ਜਮਾ ਹੈ, ਇਹ ਵੀ ਜਮਾ ਹੈ, ਬਾਹਰ ਤੋਂ ਜਮਾ ਦਾ ਖਾਤਾ ਬਹੁਤ ਵਰਨਣ ਕਰਦੇ ਹਨ ਲੇਕਿਨ ਬਾਪ ਦੇ ਜਮਾ ਦੇ ਖਾਤੇ ਵਿੱਚ ਜੋ ਜਿੰਨਾਂ ਕਹਿੰਦੇ ਹਨ, ਸਮਝਦੇ ਹਨ ਉਸ ਤੋਂ ਬਹੁਤ ਘਟ ਜਮਾ ਹੈ ਕਿਓਂ? ਉਹ ਹੀ ਪਹਿਲਾ ਪਾਠ " ਮੈਂ ਅਤੇ ਮੇਰਾ- ਪਨ" । ਮੈਂ ਕੀਤਾ, ਮੇਰੀ ਇਹ ਸੇਵਾ ਹੈ, ਮੇਰਾ ਇਹ ਕੰਮ ਹੈ। ਤਾਂ ਜਮਾ ਕਰਦੇ ਸਮੇਂ, ਉਹ ਸਮਝਦੇ ਹਨ ਜਮਾ ਕਰ ਰਹੇ ਹਾਂ ਲੇਕਿਨ ਉਹ ਆਟੋਮੈਟਿਕ ਜਮਾ ਦੇ ਖਾਤੇ ਵਿੱਚੋਂ ਨਿਕਲ, ਵਿਅਰਥ ਦੇ ਖਾਤੇ ਵਿੱਚ ਜਮਾ ਹੋ ਜੰਦਾ ਹੈ। ਉਹ ਆਟੋਮੈਟਿਕ ਸੂਖਸ਼ਮ ਮਸ਼ੀਨਰੀ ਹੈ। ਬਾਬਾ ਨੇ ਕਰਵਾਇਆ ਹੈ, ਬਾਬਾ ਦੀ ਸੇਵਾ ਹੈ, ਮੇਰੀ ਸੇਵਾ ਨਹੀਂ ਹੈ। ਮੈਂ ਕੀਤਾ, ਨਹੀਂ। ਵਰਨਣ ਨਹੀਂ ਕਰੋ, ਮੈਂ ਇਹ ਕੀਤਾ, ਮੈਂ ਇਹ ਕਰਦੀ ਹਾਂ, ਮੈਂ ਇਹ ਕਰਦਾ ਹਾਂ... ਇਹ ਮੈਂ - ਮੈਂ ਨਹੀਂ। ਬਾਬਾ, ਬਾਬਾ ਬੋਲੋ ਤਾਂ ਪਦਮਗੁਣਾਂ ਜਮਾਂ ਹੋਵੇਗਾ। ਅਤੇ ਮੈਂ ਅਤੇ ਮੇਰਾ ਬੋਲੋਗੇ ਤਾਂ ਟਰਾਂਸਫਰ ਹੋਕੇ ਵਿਅਰਥ ਦੇ ਖਾਤੇ ਵਿੱਚ ਜਮਾ ਹੁੰਦਾ ਜਾਵੇਗਾ। ਇਹ ਆਟੋਮੈਟਿਕ ਮਸ਼ੀਨਰੀ ਬਹੁਤ ਫਾਸਟ ਹੈ, ਤੁਸੀਂ ਲੋਕਾਂ ਨੂੰ ਪਤਾ ਵੀ ਨਹੀਂ ਪੈਂਦਾ ਹੈ। ਇਸ ਦੀ ਚੈਕਿੰਗ ਵੀ ਬਹੁਤ ਸੱਚੇ ਦਿਲ ਨਾਲ, ਮੈਂ -ਪਨ ਤੋਂ ਨਿਆਰੇ ਹੋਕੇ ਕਰਨ ਵਾਲੇ ਕਰ ਸਕਦੇ ਹਨ। ਜਦੋਂ ਤੁਸੀਂ

ਆਦਿ ਰਤਨ ਆਦਿ ਵਿੱਚ ਸਥਾਪਨਾ ਵਿੱਚ ਨਿਕਲੇ, ਸੇਵਾ ਵਿਚ ਨਿਕਲੇ ਤਾਂ ਕੀ ਭਾਵ ਰਹਿੰਦਾ ਸੀ? ਕੀ ਬੋਲ ਨਿਕਲਦਾ ਸੀ? ਮੈਂ -ਪਨ ਸੀ? ਬਾਬਾ - ਬਾਬਾ ਕਿਹਾ ਤਾਂ ਹੀ ਵਾਰਿਸ ਬਾਬਾ ਦੇ ਬਣੇ, ਜੋ ਅੱਜ ਸੇਵਾ ਦੇ ਆਦਿ ਬਣੇ, ਇਹ ਬਾਬਾ -ਬਾਬਾ ਕਹਿਣ ਦਾ ਸਬੂਤ ਹੈ।

ਹੁਣ ਬਾਬਾ ਦੇ ਕੋਲ ਵਾਰਿਸ ਕਵਾਲਿਟੀ ਬਹੁਤ ਘੱਟ ਆਉਂਦੀ ਹੈ, ਕਿਉਂ? ਬਾਬਾ ਅਤੇ ਮੈਂ ਪਨ ਮਿਕਸ ਹੈ ਇਸਲਈ ਇਸ ਵਰ੍ਹੇ ਵਿੱਚ ਬਾਪਦਾਦਾ ਖੁਲੇ ਦਿਲ ਨਾਲ ਵਰਦਾਨ ਦੇ ਰਿਹਾ ਹੈ - ਜਿਨਾਂ ਜਮਾਂ ਕਰਨਾ ਚਾਹੋ ਓਨਾ ਕਰ ਲਵੋ, ਕਰ ਲਵੋ, ਕਰ ਲਵੋ, ਕਰ ਲਵੋ। ਸਫਲ ਕਰੋ ਸਫਲਤਾ ਮੂਰਤ ਬਣੋ। ਅੱਛਾ।

ਹੁਣ ਕਿਹੜਾ ਉਤਸਵ ਮਨਾਇਆ? ਸਿਲਵਰ ਜੁਬਲੀ। ਸਿਲਵਰ ਜੁਬਲੀ ਵਾਲੇ ਹੱਥ ਉਠਾਓ। ਜਿਨਾਂ ਦੀ ਸੈਰਾਮਨੀ ਮਨਾਈ ਹੈ ਉਹ ਹੱਥ ਉਠਾਓ। ਡਬਲ ਸੈਰੇਮਨੀ ਮਨਾਈ ਹੈ। ਭਾਰਤ ਦੀ ਵੀ ਤੇ ਵਿਦੇਸ਼ਾ ਦੀ ਵੀ। ਅੱਛਾ ਹੈ ਇਹ ਸੈਰਾਮਨੀ ਮਨਾਉਣਾ ਮਤਲਬ ਆਪਣੇ ਆਪ ਨੂੰ ਪੱਕੀ ਪ੍ਰਤਿਗਿਆ ਦੀ ਸਟੇਮਪ ਲਗਾਉਣਾ। ਸੈਰਾਮਨੀ ਮਨਾਈ, ਬਾਪਦਾਦਾ ਨੂੰ ਵੀ ਦ੍ਰਿਸ਼ ਚੰਗਾ ਲੱਗਦਾ ਹੈ। ਨਾਲ - ਨਾਲ ਜੋ ਸੰਕਲਪ ਕਰਦੇ ਹੋ, ਉਸਨੂੰ ਇਵੇਂ ਦੀ ਆਲਮਾਇਟੀ ਗੋਵਰਨਮੈਂਟ ਦੀ ਸਟੇਮਪ ਲਗਾਓ ਜੋ ਸਦਾ ਅਵਿਨਾਸ਼ੀ, ਅਟਲ ਰਹੇ। ਮਨਾਉਣਾ ਮਤਲਬ ਵਾਇਦਾ ਨਿਭਾਉਣਾ। ਤਾਂ ਇਵੇਂ ਦੀ ਪੱਕੀ ਸਟੇਮਪ ਲਗਾਈ? ਜਾਂ ਕੱਚੀ ਸਟੇਮਪ ਲਗਾਈ ਹੈ? ਪੱਕੀ ਲਗਾਈ? ਇਹ ਸਿਲਵਰ ਜੁਬਲੀ ਵਾਲੇ ਕੁਮਾਰ, ਹੱਥ ਤਾਂ ਚੰਗਾ ਹਿਲਾ ਰਹੇ ਹਨ, ਪੱਕੀ ਮਨਾਈ ਹੈ? ਚੰਗਾ ਹੈ। ਇਹ ਦ੍ਰਿਸ਼ ਭੁੱਲ ਨਹੀਂ ਜਾਣਾ। ਕਦੀ ਵੀ ਕੁਝ ਵੀ ਕਮਜ਼ੋਰੀ ਆਏ ਤਾਂ ਆਪਣੇ ਉਤਸਵ ਦਾ ਫੋਟੋ ਸਾਹਮਣੇ ਲਿਆਉਣਾ। ਹਰ ਇਕ ਦਾ ਫੋਟੋ ਨਿਕਾਲਦੇ ਹਨ ਨਾ। ਸਭਨੂੰ ਮਿਲਦਾ ਹੈ? ਤਾਂ ਇਵੇਂ ਦਾ ਫੋਟੋ ਨਹੀਂ ਨਿਕਲਦਾ ਹੈ, ਮਤਲਬ ਤੋਂ ਨਿਕਲਣਾ ਹੈ। ਫੋਟੋ ਇਸਲਈ ਨਿਕਲਦਾ ਹੈ ਕਿ ਜਦੋਂ ਕੋਈ ਸਮੇਂ ਆਏ ਤਾਂ ਫੋਟੋ ਸਾਮਣੇ ਰੱਖਣਾ, ਇਵੇਂ ਨਹੀਂ ਅਲਮਾਰੀ ਵਿੱਚ ਬੰਦ ਕਰਕੇ ਰੱਖ ਦਵੋ ਜੋ ਸਮੇਂ ਤੇ ਯਾਦ ਨਹੀਂ ਆਵੇ। ਇਹ ਸਭਤੋਂ ਵਡੀ ਸੌਗ਼ਾਤ ਹੈ, ਇਸ ਸਮ੍ਰਿਤੀ ਦਵਾਉਣ ਦੀ ਨਿਸ਼ਾਨੀ ਹੈ। ਅੱਛਾ।

ਡਬਲ ਫੋਰਨਰਸ ਕੀ ਕਮਾਲ ਕਰਨਗੇ? ਡਬਲ ਫੋਰਨਰਸ ਇਵੇਂ ਦੀ ਕਮਾਲ ਕਰਕੇ ਦਿਖਾਓ ਜੋ ਇਵੇਂ ਦੀਆ ਆਤਮਾਵਾਂ ਨੂੰ ਸੁਨੇਹਾ ਦੇਵੋ ਜੋ ਭਾਰਤ ਦੇ ਲਈ ਮਾਇਕ ਬਣਨ, ਕਿਉਂਕਿ ਭਾਰਤ ਦੇ ਮਾਇਕ ਦਾ ਵੀ ਪ੍ਰਭਾਵ ਹੈ ਲੇਕਿਨ ਫੌਰਨ ਦੇ ਮਾਇਕ ਦਾ ਪ੍ਰਭਾਵ ਡਬਲ ਪਵੇਗਾ। ਤਾਂ ਡਬਲ ਫੌਰਨਰਜ਼ ਨੂੰ ਅਜਿਹੇ ਮਾਇਕ ਤਿਆਰ ਕਰਨੇ ਹਨ। ਕਰੋਂਗੇ? ਅਗਲੇ ਵਰ੍ਹੇ ਮਾਇਕ ਆਉਣਾ ਚਾਹੀਦਾ ਹੈ। ਇਵੇਂ ਨਹੀਂ ਸਿਰਫ ਭਾਸ਼ਣ ਕਰਕੇ ਚਲੇ ਜਾਣ, ਨਹੀਂ। ਸੰਬੰਧ ਵਿਚ ਨੇੜੇ ਹੋਣ। ਭਾਵੇਂ ਗਿਆਨ, ਯੋਗ ਵਿੱਚ ਨਿਯਮਿਤ ਨਹੀਂ ਬਣਨ ਪਰ ਮੰਨਣ ਕਿ ਸਚਮੁੱਚ ਇਹ ਈਸ਼ਵਰ ਕੰਮ ਹੈ ਅਤੇ ਜੀਵਨ ਬਣਾਉਣੀ ਅਜਿਹੀ ਚਾਹੀਦੀ ਲੇਕਿਨ ਮੇਰੇ ਵਿੱਚ ਹਿੰਮਤ ਘਟ ਹੈ। ਉਸ ਵਿੱਚ ਵੀ ਕੋਈ ਹਰਜਾ ਨਹੀਂ, ਹੋਰਾਂ ਦੇ ਨਿਮਿਤ ਮਾਇਕ ਬਣਦੇ - ਬਣਦੇ ਖੁਦ ਬਣ ਹੀ ਜਾਵੇਗਾ। ਉਵੇਂ ਸਿੱਧਾ ਸਟੂਡੈਂਟ ਨਹੀਂ ਬਣਨਗੇ ਲੇਕਿਨ ਸੇਵਾ ਦੇ ਬਲ ਨਾਲ ਦੂਜਿਆਂ ਦੇ ਨਿਮਿਤ ਬਣਦੇ, ਉਸ ਦੇ ਪ੍ਰਭਾਵ ਨਾਲ ਬਣ ਜਾਣਗੇ। ਤਾਂ ਸੁਣਿਆ ਡਬਲ ਫਾਰਨਰਜ਼ ਨੇ? ਹੁਣ ਵੇਖਾਂਗੇ ਕਿਹੜਾ ਦੇਸ਼ ਨਿਮਿਤ ਬਣਦਾ ਹੈ। ਜੋ ਵੀ ਦੇਸ਼ ਨਿਮਿਤ ਬਣੇ, ਫਿਰ ਉਸ ਨੂੰ ਅਵਾਰਡ ਦੇਵਾਂਗੇ।

ਸਰਵ ਨਵਯੁੱਗ ਦੇ ਵਿਸ਼ਵ ਅਧਿਕਾਰੀ, ਨਵ ਜੀਵਨ ਦਵਾਰਾ ਵਿਸ਼ਵ ਪਰਿਵਰਤਕ ਆਤਮਾਵਾਂ ਨੂੰ, ਸਦਾ ਸਫਲ ਕਰਨ ਕਾਰਣ ਸਫਲਤਾਮੂਰਤ ਬਣਨ ਵਾਲੀਆਂ ਆਤਮਾਵਾਂ ਨੂੰ, ਸਦਾ ਆਪਣੇ ਕੀਤੇ ਹੋਏ ਵਾਇਦੇ ਨੂੰ ਸਾਕਾਰ ਸਵਰੂਪ ਦੇਣ ਵਾਲੇ ਅਚਲ, ਅਖੰਡ ਸਵਰੂਪ ਆਤਮਾਵਾਂ ਨੂੰ, ਸਦਾ ਉੱਤਸਵ ਵਿੱਚ ਰਹਿ ਹੋਰਾਂ ਨੂੰ ਵੀ ਉੱਤਸਵ ਦਵਾਰਾ ਉਤਸਾਹ ਦਵਾਉਣ ਵਾਲੀਆਂ ਆਤਮਾਵਾਂ ਨੂੰ, ਬਾਪਦਾਦਾ ਦਾ ਨਵੇਂ ਵਰ੍ਹੇ ਅਤੇ ਨਵੇਂ ਯੁੱਗ ਦੇ ਸਥਾਪਨਾ ਦੀ ਮੁਬਾਰਕ ਹੋਵੇ, ਮੁਬਾਰਕ ਹੋਵੇ, ਮੁਬਾਰਕ ਹੋਵੇ। ਨਾਲ - ਨਾਲ ਹਿੰਮਤ ਰੱਖ ਸਰਵ ਬੱਚੇ ਅੱਗੇ ਵਧਣ ਵਾਲੇ ਹਿੰਮਤੇ ਬੱਚੇ ਅਤੇ ਮਦਦੇ ਬਾਪ ਅਜਿਹੇ ਸਰਵ ਬੱਚਿਆਂ ਨੂੰ ਬਾਪਦਾਦਾ ਦਾ ਯਾਦਪਿਆਰ।

(ਰਾਤ੍ਰੀ 12 ਵਜੇ ਦੇ ਬਾਦ ਬਾਪਦਾਦਾ ਨੇ ਸਾਰੇ ਬੱਚਿਆਂ ਨੂੰ ਫਿਰ ਨਵੇਂ ਵਰ੍ਹੇ ਦੀ ਵਧਾਈ ਦਿੱਤੀ )

ਸ੍ਰਵ ਵਿਸ਼ਵ ਦੇ ਕੋਨੇ - ਕੋਨੇ ਵਿਚ, ਵਿਸ਼ਵ ਦੇ ਚਾਰੋਂ ਪਾਸੇ ਵਿਸ਼ੇਸ਼ ਨਵ ਜੀਵਨ ਵਿਚ ਰਹਿਣ ਵਾਲੇ ਸਭ ਨੂੰ ਨਵੇਂ ਵਰ੍ਹੇ ਦੇ ਨਾਲ - ਨਾਲ ਨਵਯੁੱਗ ਦੀ ਵੀ ਮੁਬਾਰਕ ਹੋਵੇ, ਮੁਬਾਰਕ ਹੋਵੇ, ਮੁਬਾਰਕ ਹੋਵੇ। ਬ੍ਰਾਹਮਣ ਬੱਚਿਆਂ ਦੇ ਲਈ ਤੇ ਹੈ ਦਿਨ, ਹਰ ਸੈਕਿੰਡ ਨਵਾਂ ਹੈ। ਤਾਂ ਹੁਣ ਪੁਰਾਣੇ ਵਰ੍ਹੇ ਦੀ ਵਿਦਾਈ ਹੈ ਅਤੇ ਨਵੇਂ ਵਰ੍ਹੇ ਦੀ ਵਧਾਈ ਹੋਵੇ। ਇਵੇਂ ਸਦਾ ਹਰ ਸੈਕਿੰਡ ਜੋ ਵੀ ਸੰਕਲਪ ਕਰੋ, ਕਰਮ ਕਰੋ ਹਰ ਕਰਮ, ਸੰਕਲਪ ਵਧਾਈ ਵਾਲੇ ਹੋਣ। ਜੋ ਵੀ ਸੰਪਰਕ ਵਿਚ ਆਉਣ ਉਹ ਸਦਾ ਵਧਾਈ ਹੋ, ਵਧਾਈ ਹੋ, ਇਹ ਗੱਲ ਹੀ ਗੀਤ ਗਾਉਂਦੇ ਰਹਿਣ। ਇਸ ਨਵੇਂ ਵਰ੍ਹੇ ਵਿੱਚ ਸਭ ਨੂੰ ਜੋ ਵੀ ਮਿਲੇ ਜਾਂ ਜੋ ਵੀ ਨਾਲ ਰਹਿੰਦੇ ਹਨ, ਉਨ੍ਹਾਂ ਨੂੰ ਸਦਾ ਖੁਸ਼ੀ ਦੀ, ਦਿਲਖੁਸ਼ ਮਿਠਾਈ ਖਵਾਉਂਦੇ ਰਹਿਣਾ ਅਤੇ ਸਦਾ ਖ਼ੁਸ਼ੀ ਨਾਲ ਮਨ ਵਿਚ ਨੱਚਦੇ ਰਹਿਣਾ ਅਤੇ ਸੇਵਾ ਵਿਚ ਸਭ ਨੂੰ ਖੁਸ਼ੀ ਦਾ ਖਜਾਨਾ ਭਰ - ਭਰ ਵੰਡਦੇ ਰਹਿਣਾ। ਤਾਂ ਇਵੇਂ ਨਵੇਂ ਜੀਵਨ, ਨਵੇਂ ਉਮੰਗ - ਉਤਸਾਹ ਦੀ ਚਾਰੋਂ ਪਾਸੇ ਦੇ ਬੱਚਿਆਂ ਨੂੰ ਨਵੇਂ ਵਰ੍ਹੇ ਦੇ ਨਾਲ - ਨਾਲ ਮੁਬਾਰਕ ਹੋਵੇ, ਮੁਬਾਰਕ ਹੋਵੇ। ਗੁੱਡਨਾਈਟ ਅਤੇ ਗੁੱਡਮੋਰਨਿੰਗ। ਅੱਛਾ। ਓਮ ਸ਼ਾਂਤੀ।

ਵਰਦਾਨ:- ਦ੍ਰਿੜ ਨਿਸ਼ਚੇ ਦੇ ਆਧਾਰ ਤੇ ਸਦਾ ਵਿਜੇਈ ਬਣਨ ਵਾਲੇ ਬ੍ਰਹਮਾ ਬਾਪ ਦੇ ਸਨੇਹੀ ਭਵ

ਜੋ ਦ੍ਰਿੜ ਨਿਸ਼ਚੇ ਰੱਖਦੇ ਹਨ, ਤਾਂ ਨਿਸ਼ਚੇ ਦੀ ਵਿਜੇ ਕਦੇ ਟੱਲ ਨਹੀਂ ਸਕਦੀ। ਭਾਵੇਂ ਪੰਜ ਹੀ ਤੱਤਵ ਜਾਂ ਆਤਮਾਵਾਂ ਕਿੰਨਾਂ ਵੀ ਸਾਮਨਾ ਕਰਨ ਲੇਕਿਨ ਉਹ ਸਾਮਨਾ ਕਰਨਗੇ ਅਤੇ ਤੁਸੀਂ ਅਟਲ ਨਿਸ਼ਚੇ ਦੇ ਆਧਾਰ ਤੇ ਸਮਾਉਣ ਦੀ

ਸ਼ਕਤੀ ਨਾਲ ਉਸ ਸਾਮਣੇ ਨੂੰ ਸਮਾ ਲਵੋਗੇ। ਕਦੇ ਨਿਸ਼ਚੇ ਵਿੱਚ ਹਲਚਲ ਨਹੀਂ ਹੋ ਸਕਦੀ। ਅਜਿਹੇ ਅਚਲ ਰਹਿਣ ਵਾਲੇ ਵਿਜਈ ਬੱਚੇ ਹੀ ਬਾਪ ਦੇ ਸਨੇਹੀ ਹਨ। ਸਨੇਹੀ ਬੱਚੇ ਸਦਾ ਬ੍ਰਹਮਾ ਬਾਪ ਦੀਆਂ ਬਾਹਵਾਂ ਵਿੱਚ ਸਮਾਏ ਰਹਿੰਦੇ ਹਨ।

ਸਲੋਗਨ:- ਸ੍ਵ ਖਜਾਨਿਆਂ ਦੀ ਚਾਬੀ ਪ੍ਰਾਪਤ ਕਰਨੀ ਹੈ ਤਾਂ ਪਰਮਾਤਮ ਪਿਆਰ ਦੇ ਅਨੁਭਵੀ ਬਣੋ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ। ਹਰ ਗੱਲ ਵਿਚ ਵ੍ਰਿਤੀ ਵਿੱਚ, ਦ੍ਰਿਸ਼ਟੀ ਵਿਚ, ਕਰਮ ਵਿੱਚ ਨਿਆਰਾਪਨ ਅਨੁਭਵ ਹੋਵੇ, ਇਹ ਬੋਲ ਰਿਹਾ ਹੈ ਲੇਕਿਨ ਨਿਆਰਾ - ਨਿਆਰਾ, ਪਿਆਰਾ - ਪਿਆਰਾ ਲਗਦਾ ਹੈ। ਆਤਮਿਕ ਪਿਆਰਾ। ਨੰਬਰਵਨ ਬ੍ਰਹਮਾ ਦੀ ਆਤਮਾ ਦੇ ਨਾਲ ਤੁਹਾਨੂੰ ਸਭ ਨੂੰ ਵੀ ਫਰਿਸ਼ਤਾ ਬਣ ਪਰਮਧਾਮ ਵਿੱਚ ਚਲਣਾ ਹੈ, ਤਾਂ ਮਨ ਦੀ ਇਕਾਗ੍ਰਤਾ ਤੇ ਅਟੈਂਸ਼ਨ ਦਵੋ, ਆਰਡਰ ਨਾਲ ਮਨ ਨੂੰ ਚਲਾਓ।